Alberta

**ਨਿਊਜ਼** ਰਿਲੀਜ਼

# ਹੋਰ ਵਧੇਰੇ ਐਲਬਰਟਾ ਨਿਵਾਸੀਆਂ ਨੂੰ ਕਿਰਾਇਆ ਦੇਣ ‘ਚ ਸਹਾਇਤਾ ਕਰਨਾਂ

5 ਅਗਸਤ 2022

---

## ਕਿਰਾਏ ਲਈ ਅਸਥਾਈ ਸਹਾਇਤਾ ਐਲਬਰਟਾ ਭਰ ‘ਚ 80 ਤੋਂ ਵਧੇਰੇ ਕਮਿਊਨਿਟੀਆਂ ਤੱਕ ਫੈਲਾਈ ਜਾ ਰਹੀ ਹੈ।

ਟੈਂਪਰੇਰੀ ਰੈਂਟ ਅਸਿਸਟੈਂਸ ਬੈਨੇਫਿਟ ਮੁਢਲੇ ਰੂਪ ‘ਚ ਐਲਬਰਟਾ ਦੇ ਸੱਤ ਮੁੱਖ ਕੇਂਦਰਾਂ ‘ਚ ਸ਼ੁਰੂ ਕੀਤੇ ਗਏ ਸਨ। ਇੰਨ੍ਹਾਂ ਬੈਨੇਫਿਟਾਂ ਨੂੰ ਆਲੇ ਦੁਆਲੇ ਦੀਆਂ ਕਮਿਊਨਿਟੀਆਂ, ਜਿਵੇਂ ਏਅਰਡਰੀ, ਫੋਰਟ ਮੈਕਲਿਓਡ,  ਰੌਕੀ ਮਾਊਂਟੇਨ ਹਾਊਸ ਅਤੇ ਕੌਂਕਲਿਨ ਤੱਕ ਫੈਲਾਉਣ ਨਾਲ ਹੋਰ ਵਧੇਰੇ ਐਲਬਰਟਾ ਨਿਵਾਸੀਆਂ ਨੂੰ ਆਪਣਾਂ ਕਿਰਾਇਆ ਅਦਾ ਕਰਨ ‘ਚ ਮਦਦ ਹਾਸਲ ਹੋਵੇਗੀ।

“ਕਿਰਾਏ ਲਈ ਸਹਾਇਤਾ ਦੀ ਉੱਤਮ ਵਰਤੋਂ ਸਟ੍ਰੌਂਗਰ ਫਾਊਂਡੇਸ਼ਨਜ਼: ਐਲਬਰਟਾ ਦੀ 10 ਸਾਲਾ ਪੁੱਜਤਯੋਗ ਰਿਹਾਇਸ਼ ਰਣਨੀਤੀ ਦਾ ਇਕ ਮੂਲ ਭਾਗ ਹੈ। ਅਸਥਾਈ ਕਿਰਾਇਆ ਸਹਾਇਤਾ ਬੈਨੇਫਿਟ ਨੂੰ 80 ਤੋਂ ਵਧੇਰੇ ਕਮਿਊਨਿਟੀਆਂ ਤੱਕ ਫੈਲਾਉਣ ਨਾਲ ਹੋਰ ਵਧੇਰੇ ਲੋੜਵੰਦ ਐਲਬਰਟਾ ਨਿਵਾਸੀਆਂ ਨੂੰ ਇਸ ਮਹਿੰਗਾਈ ਦੌਰਾਨ ਆਪਣੀ ਜ਼ਿੰਦਗੀ ਨੂੰ ਵਧੇਰੇ ਪੁੱਜਤਯੋਗ ਬਣਾ ਸਕਣ ‘ਚ ਮਦਦ ਮਿਲੇਗੀ।”

*Josephine Pon, ਮਿਨਿਸਟਰ ਆਫ ਸੀਨੀਅਰਜ਼ ਐਂਡ ਹਾਊਸਿੰਗ*

“ਸਾਡੇ ਖੇਤੀਬਾੜੀ, ਖਾਧ ਪਦਾਰਥ ਅਤੇ ਜੰਗਲਾਤ ਸੈਕਟਰ ਜ਼ਿਆਦਾ ਪੇਂਡੂ ਕਮਿਊਨਿਟੀਆਂ ‘ਚ ਆਧਾਰਿਤ ਹਨ ਅਤੇ ਅਸੀਂ ਐਲਬਰਟਾ ਦੀ ਆਰਥਿਕ ਰਿਕਵਰੀ  ਦੀ ਅਗਵਾਈ ਲਈ ਸੂਬੇ ਦੇ ਇੰਨ੍ਹਾਂ ਖੇਤਰਾਂ ਵੱਲ ਵੇਖ ਰਹੇ ਹਾਂ। ਮੈਨੂੰ ਖੁਸ਼ੀ ਹੈ ਕਿ ਪੇਂਡੂ ਐਲਬਰਟਾ ਨਿਵਾਸੀਆਂ ਦੀ ਜ਼ਿੰਦਗੀ ਨੂੰ ਚੰਗੇਰੀ ਬਣਾਉਣ ‘ਚ ਸਾਡੇ ਵੱਲੋਂ ਕੀਤੀਆਂ ਜਾ ਰਹੀਆਂ ਕਾਰਵਾਈਆਂ ‘ਚ ਅਸਥਾਈ ਕਿਰਾਇਆ ਸਹਾਇਤਾ ਬੈਨੇਫਿਟ ਜੋੜ ਦਿੱਤਾ ਜਾਵੇਗਾ। ਇਹ ਕਿਰਾਇਆ ਸਹਾਇਤਾ ਮਹਿੰਗਾਈ ਦੇ ਵਧ ਰਹੇ ਖਰਚਿਆਂ ਨਾਲ ਜੂਝ ਰਹੇ ਪਰਿਵਾਰਾਂ ਅਤੇ ਕਮਿਊਨਿਟੀਆਂ ਨੂੰ ਰਾਹਤ ਪ੍ਰਦਾਨ ਕਰੇਗੀ ਅਤੇ ਐਲਬਰਟਾ ਦੇ ਪੇਂਡੂ ਇਲਾਕਿਆਂ ‘ਚ ਤਰੱਕੀ ਬਣਾਈ ਰੱਖਣ ਨੂੰ ਬੜ੍ਹਾਵਾ ਦੇਵੇਗੀ।”

*Nate Horner, ਮਿਨਿਸਟਰ ਆਫ ਐਗਰੀਕਲਚਰ, ਫੌਰੈਸਟਰੀ ਐਂਡ ਇਕਨਾਮਿਕ ਡਿਵੈਲਪਮੈਂਟ*

“ਅਸਥਾਈ ਕਿਰਾਇਆ ਸਹਾਇਤਾ ਬੈਨੇਫਿਟ ‘ਚ ਨਵੇਂ ਐਲਾਨ ਕੀਤੇ ਗਏ ਵਿਸਥਾਰ ਨਾਲ ਲੈੱਥਬਰਿੱਜ ਹਾਊਸਿੰਗ ਅਥਾਰਿਟੀ ਹੁਣ ਦੱਖਣ-ਪੱਛਮੀ ਐਲਬਰਟਾ  ‘ਚ 30 ਵਧੇਰੇ ਕਮਿਊਨਿਟੀਆਂ ਨੂੰ ਸੇਵਾ ਪ੍ਰਦਾਨ ਕਰਨ ਦੇ ਯੋਗ ਹੋਵੇਗੀ। ਅਸੀਂ ਕਿਰਾਏ ਦੀ ਸਹਾਇਤਾ ਲਈ ਕੀਤੇ ਗਏ ਸਰਕਾਰ ਦੇ ਪੂੰਜੀ - ਨਿਵੇਸ਼ ਵਾਸਤੇ ਧੰਨਵਾਦੀ ਹਾਂ ਅਤੇ ਪੇਂਡੂ ਐਲਬਰਟਾ ਨਿਵਾਸੀਆਂ ਨੂੰ ਸੇਵਾਵਾਂ ਦੇਣ ਦੀ ਆਸ ਕਰਦੇ ਹਾਂ।”

*Robin James, ਸੀ ਏ ਓ, ਲੈੱਥਬਰਿੱਜ ਹਾਊਸਿੰਗ ਅਥਾਰਿਟੀ*

“ਬੈਨੇਫਿਟਾਂ ‘ਚ ਵਿਸਥਾਰ ਸੂਬੇ ਭਰ ‘ਚ ਕਈ ਸਾਰੇ ਕਮਜ਼ੋਰ ਪਰਿਵਾਰਾਂ ਵਾਸਤੇ ਰਿਹਾਇਸ਼ੀ ਵਿਕਲਪਾਂ ਨੂੰ ਯਕੀਨੀ ਬਣਾਉਣ ਲਈ ਮਹੱਤਵਪੂਰਨ ਹੈ। ਇਕ ਖੇਤਰੀ ਰਿਹਾਇਸ਼ ਪ੍ਰਬੰਧ ਬਾਡੀ ਵਜੋਂ, ਸਾਡੇ ਵਾਸਤੇ ਬਹੁਤ ਸਾਰੇ ਸੰਭਾਵਤ ਕਲਾਇੰਟਾਂ ਨੂੰ ਮਨਜ਼ੂਰ ਕਰ ਸਕਣਾ ਇਕ ਅਸਲੀ ਚੁਣੌਤੀ ਬਣੀ ਰਹੀ ਹੈ, ਜਿਹੜੇ ਯੋਗ ਤਾਂ ਬਣਦੇ ਸਨ ਪਰੰਤੂ ਉਹ ਸ਼ਹਿਰ ਦੀਆਂ ਹੱਦਾਂ ਤੋਂ ਬਾਹਰ ਪੈਂਦੇ ਸਨ। ਸਾਡੇ ਕੋਲ ਹੁਣ ਮੌਕਾ ਹੈ, ਉਨ੍ਹਾਂ ਬਹੁਤ ਲੋੜਵੰਦ ਪਰਿਵਾਰਾਂ ਅਤੇ ਵਿਅਕਤੀਆਂ ਦੀ ਮਦਦ ਕਰਨ ਦਾ, ਜਿੰਨ੍ਹਾਂ ਕੋਲ ਲਗਾਤਾਰ ਨੌਕਰੀਆਂ ਨਹੀਂ ਹਨ ਜਾਂ ਜਿੰਨ੍ਹਾਂ ਲਈ ਇਨ੍ਹਾਂ ਔਕੜਾਂ ਭਰੇ ਸਮਿਆਂ ‘ਚ ਗੁਜ਼ਾਰਾ ਚਲਾਉਣਾ ਔਖਾ ਹੈ।”

*Franklin Kutuadu, ਸੀ ਏ ਓ, ਰੈੱਡ ਡੀਅਰ ਹਾਊਸਿੰਗ ਅਥਾਰਿਟੀ*

ਅਸਥਾਈ ਕਿਰਾਇਆ ਸਹਾਇਤਾ ਬੈਨੇਫਿਟ ਘੱਟ ਆਮਦਨੀ ਵਾਲੇ ਪਰਿਵਾਰਾਂ ਜਾਂ ਉਨ੍ਹਾਂ ਲੋਕਾਂ ਨੂੰ ਸਬਸਿਡੀ ਪ੍ਰਦਾਨ ਕਰਨਗੇ ਜਿੰਨ੍ਹਾਂ ਕੋਲ ਲਗਾਤਾਰ ਨੌਕਰੀਆਂ ਨਹੀਂ ਹਨ। ਇਹ ਸਹਾਇਤਾ ਕਿਰਾਏਦਾਰਾਂ ਨੂੰ ਆਪਣੇ ਕਿਰਾਏ ਦੇ ਸਕਣ ਦੇ ਯੋਗ ਬਣਾਉਣ ਲਈ ਦੋ ਸਾਲਾਂ ਤੱਕ ਲਈ ਉਪਲਬਧ ਹੋਵੇਗੀ, ਜਦੋਂ ਤੱਕ ਉਹ ਪੱਕੀ ਪੈਰੀ ਨਹੀਂ ਹੋ ਜਾਂਦੇ ਜਾਂ ਆਪਣੀ ਸਥਿਤੀ ਸੁਧਾਰ ਨਹੀਂ ਲੈਂਦੇ।

ਇਹ ਬੈਨੇਫਿਟ ਪਹਿਲਾਂ-ਆਉ ਪਹਿਲਾਂ-ਸੇਵਾ ਪ੍ਰਾਪਤ ਕਰੋ ਦੇ ਆਧਾਰ ‘ਤੇ ਪ੍ਰਦਾਨ ਕੀਤੇ ਜਾਣਗੇ ਅਤੇ ਇਹ ਯੋਗ ਬਣਦੇ ਕਿਰਾਏਦਾਰਾਂ ਨੂੰ ਸਿੱਧੇ ਅਦਾ ਕੀਤੇ ਜਾਂਦੇ ਹਨ। ਬੈਨੇਫਿਟ ਦੀ ਰਕਮ ਘਰ ਦੇ ਸਾਈਜ਼ ਅਤੇ ਸਥਾਨ ਦੇ ਅਨੁਸਾਰ ਮਿਥੀ ਜਾਂਦੀ ਹੈ ਅਤੇ ਇਹ ਘੱਟੋ ਘੱਟ 100 ਡਾਲਰ ਪ੍ਰਤੀ ਮਹੀਨਾ ਹੈ।

ਉਹ ਪਰਿਵਾਰ ਇਸ ਲਈ ਯੋਗ ਹੋਣਗੇ ਜੇਕਰ ਉਨ੍ਹਾਂ ਦੀ ਆਮਦਨ **ਸਥਾਨਕ ਆਮਦਨੀ ਦੀ ਹੱਦ** ਤੋਂ ਹੇਠਾਂ ਹੋਵੇਗੀ, ਮੌਜੂਦਾ ਸਮੇਂ ਨੌਕਰੀ ਕਰ ਰਹੇ ਹਨ ਜਾਂ ਪਿਛਲੇ 24 ਮਹੀਨਿਆਂ ‘ਚ ਨੌਕਰੀ ਕਰਦੇ ਰਹੇ ਹਨ ਅਤੇ ਕੋਈ ਸੋਸ਼ਲ ਅਸਿਸਟੈਂਸ ਪ੍ਰਾਪਤ ਨਹੀਂ ਕਰ ਰਹੇ।

ਐਲਬਰਟਾ ਨਿਵਾਸੀ alberta.ca/RentAssistance ‘ਤੇ ਜਾ ਕੇ ਆਨਲਾਈਨ ਵਧੇਰੇ ਜਾਣਕਾਰੀ ਲੈ ਸਕਦੇ ਹਨ ਜਾਂ ਚੈੱਕ ਕਰ ਸਕਦੇ ਹਨ ਕਿ ਜੇ ਉਹ ਯੋਗ ਬਣਦੇ ਹਨ।

## ਫੌਰੀ ਤੱਥ

- ਬੱਜਟ 2022 ‘ਚ  2022-23 ਲਈ ਅਸਥਾਈ ਕਿਰਾਇਆ ਸਹਾਇਤਾ ਬੈਨੇਫਿਟ ਵਾਸਤੇ 7.2 ਮਿਲੀਅਨ ਡਾਲਰ ਦੀ ਪ੍ਰਤਿਬਧਤਾ ਦਿੱਤੀ ਗਈ ਹੈ।
- ਮਾਰਚ 2021 ‘ਚ, ਸਰਕਾਰ ਨੇ  ਹੋਰ ਵਧੇਰੇ ਘਰਾਂ ਨੂੰ ਸਹਾਇਤਾ ਦੇਣ ਲਈ ਅਤੇ ਫੈਡਰਲ ਫੰਡਿੰਗ ਦਾ ਵੱਧ ਤੋਂ ਵੱਧ ਲਾਭ ਲੈਣ ਲਈ ਰੈਂਟ ਸਪਲੀਮੈਂਟ ਪ੍ਰੋਗਰਾਮ ਮੁੜ-ਡਿਜ਼ਾਈਨ ਕੀਤਾ। ਇਸ ਵਿਚ ਅਸਥਾਈ ਕਿਰਾਇਆ ਸਹਾਇਤਾ ਬੈਨੇਫਿਟ ਦੀ ਸ਼ੁਰੂਆਤ ਨੂੰ ਸ਼ਾਮਲ ਕੀਤਾ ਗਿਆ।
- ਐਲਬਰਟਾ ਨੇ ਰੈਂਟ ਸਪਲੀਮੈਂਟ ਪ੍ਰੋਗਰਾਮ ਮੁੜ-ਡਿਜ਼ਾਈਨ ਕੀਤਾ ਜਿਸ 'ਚ ਅਸਥਾਈ ਸਹਾਇਤਾ ਬੈਨੇਫਿੱਟ ਸ਼ਾਮਲ ਹੈ, ਇਹ ਤਕਰੀਬਨ 11,600 ਘਰਾਂ ਨੂੰ ਮਦਦ ਦਿੰਦਾ ਹੈ, ਜੋ ਗਿਣਤੀ ਅਰੰਭਕ ਪ੍ਰੋਗਰਾਮ ਤਹਿਤ ਮਦਦ ਪ੍ਰਾਪਤ ਕਰਨ ਵਾਲਿਆਂ ਨਾਲੋਂ 3,800 ਤੋਂ ਜ਼ਿਆਦਾ ਵੱਧ ਹੈ।
- ਸਥਾਨਕ ਰਿਹਾਇਸ਼ ਪ੍ਰਦਾਨਕਰਤਾ ਇਹ ਅਸਥਾਈ ਬੈਨੇਫਿਟ ਐਲਬਰਟਾ ਸਰਕਾਰ ਦੀ ਤਰਫੋਂ ਉਸਦੀ ਥਾਵੇਂ ਅਦਾ ਕਰਦੇ ਹਨ:
    - ਕੈਲਗਰੀ ਹਾਊਸਿੰਗ ਕੰਪਨੀ
    - ਸਿਵਿਡਾ (ਐਡਮਿੰਟਨ)
    - ਗਰੈਂਡ ਸਪਿਰਿਟ ਫਾਊਂਡੇਸ਼ਨ
    - ਲੈੱਥਬਰਿੱਜ ਹਾਊਸਿੰਗ ਅਥਾਰਿਟੀ
    - ਮੈਡੀਸਨ ਹੈਟ ਕਮਿਊਨਿਟੀ ਹਾਊਸਿੰਗ ਸੋਸਾਇਟੀ
    - ਰੈੱਡ ਡੀਅਰ ਹਾਊਸਿੰਗ ਅਥਾਰਿਟੀ
    - ਵੁੱਡ ਬਫਲੋ ਹਾਊਸਿੰਗ ਐਂਡ ਡਿਵੈਲਪਮੈਂਟ ਕਾਰਪੋਰੇਸ਼ਨ

- ਕਿਰਾਇਆ ਸਪਲੀਮੈਂਟ ਦੀ ਵਰਤੋਂ ‘ਚ ਮੌਜੂਦਾ ਰੈਂਟਲ ਮਾਰਕੀਟ ਸਮਰੱਥਾ ਦੀ ਚੰਗੇਰੀ ਵਰਤੋਂ ਕਰਨ ਵਾਸਤੇ ਵਿਸਥਾਰ ਲਿਆਉਣਾ ਪੁੱਜਤਯੋਗ ਰਿਹਾਇਸ਼ੀ ਰਣਨੀਤੀ ਐਲਬਰਟਾ ਸਟ੍ਰੌਂਗਰ ਫਾਊਂਡੇਸ਼ਨ ਦਾ ਇਕ ਭਾਗ ਹੈ।

## ਸਬੰਧਤ ਜਾਣਕਾਰੀ

- ਪੁੱਜਤਯੋਗ ਰਿਹਾਇਸ਼ ਅਤੇ ਕਿਰਾਇਆ ਸਹਾਇਤਾ

- ਸਟ੍ਰੌਂਗਰ ਫਾਊਂਡੇਸ਼ਨਜ਼ ਅਫੋਰਡੇਬਲ ਹਾਊਸਿੰਗ ਸਟ੍ਰੈਟਜੀ
- ਰਿਹਾਇਸ਼ ਲੱਭਣਾ

## ਮੀਡੀਆ ਇਨੁਕਆਰੀਆਂ

**Dylan Topal**

780-886-2912

ਪ੍ਰੈੱਸ ਸੈਕਰੇਟਰੀ, ਕਲਚਰ ਐਂਡ ਸਟੇਟਸ ਆਫ ਵੂਮੈੱਨ

